# ਸਭ ਸਮਰੱਥ ਸਿਰਜਣਹਾਰ ਦਾ ਸ਼ੁਕਰਾਨਾਂ

## (ਦਮਦਮੀ ਟਕਸਾਲ ਵੱਲੋਂ ਸ਼ਹੀਦ ਸੰਤ ਦੀ ਸ਼ਹਾਦਤ ਨੂੰ ਸਵਿਕਾਰਨ ਦੇ ਸੰਦਰਭ ਵਿਚ)

ਗੁਰੂ ਰੂਪ ਖਾਲਸਾ ਜੀਓ, ਮੇਰੇ ਗੁਰੂ ਦੀ ਧਰਤ ਤੋਂ ਛਪਦੇ ਇਸ ਪਿਆਰੇ, ਸਤਿਕਾਰੇ ਮਾਸਿਕ ਪੇਪਰ 'ਦੇਸ ਪੰਜਾਬ' ਦੇ ਅੰਕ ਮਾਰਚ 2005 ਵਿਚ 'ਦਮਦਮੀ ਟਕਸਾਲ ਨਿਰਮਲੇ ਸੰਤ ਅਤੇ ਇਹ ਪ੍ਰਾਣੀ' ਸਰਲੇਖ ਹੇਠ ਛਪੀ ਇਕ ਲੰਬੀ ਲਿਖਤ ਵਿਚ ਹੋਰ ਤੋਂ ਸਿਵਾ ਇਸ ਵੱਡੇ ਦੁੱਖ ਦਾ, ਰੋਸ ਦਾ, ਅਫਸੋਸ ਦਾ ਪ੍ਰਗਟਾਵਾ ਵੀ ਸੀ ਜੋ ਜੂਨ ਚੌਰਾਸੀ ਮਗਰੋਂ, ਮੇਰੀ ਪ੍ਰਮ ਪਿਆਰੀ ਅਤੇ ਸਤਿਕਾਰੀ ਦਮਦਮੀ ਟਕਸਾਲ ਦੇ ਪ੍ਰਬੰਧਕ ਵੀਰਾਂ ਵੱਲੋਂ, ਸ਼ਹੀਦ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਮਹਾਨ ਸ਼ਹੀਦੀ ਨੂੰ ਕਬੂਲਣ ਦੀ ਥਾਂ ਉਨਾਂ ਨੂੰ ਮੁੜ ਸੰਘਰਸ਼ ਦੀ ਅਗਵਾਈ ਕਰਨ ਲਈ ਕਰਾਮਾਤ ਦੁਆਰਾ ਅਲੋਪ ਹੋ ਗਏ ਐਲਾਨਕੇ, ਹਰ ਸਾਲ ਉਨਾਂ ਦੀ ਚੜ੍ਹਦੀ ਕਲਾ ਲਈ ਅਖੰਡ ਪਾਠਾਂ ਦੇ ਭੋਗ ਤਾਂ ਪੁਆਏ ਜਾ ਰਹੇ ਸਨ ਪਰ ਇਸ ਆਤਮਾਂ ਨੂੰ ਇਹ ਸੱਚ ਕਬੂਲ ਕਰ ਸਕਣ ਲਈ ਕੋਈ ਉਤਮ ਦਲੀਲ, ਕੋਈ ਮਿਸਾਲ ਨਾ ਗੁਰੂ ਇਤਿਹਾਸ ਵਿਚੋਂ ਅਤੇ ਨਾ ਹੀ ਸਿਖ ਇਤਿਹਾਸ ਵਿਚੋਂ ਮਿਲ ਰਹੀ ਸੀ ਕਿ ਆਪਣੇ ਗੁਰੂਆਂ ਤਾਂ ਕਿਆ, ਕਿਸੇ ਸਿਖ ਵੀ, ਸੂਰੇ ਦਾ ਮਰਣਾਂ ਤਿਆਗਕੇ, ਆਪਣੇ ਆਪਨੂੰ ਭਵਿਖ ਲਈ ਕਰਾਮਾਤ ਨਾਲ ਅਲੋਪ ਕਰਕੇ ਬਚਾ ਲਿਆ ਹੋਵੇ। ਨਾ ਹੀ ਗੁਰਬਾਣੀ ਆਪਣੇ ਭਗਤ ਨੂੰ, ਆਪਣੇ ਸੰਤ ਨੂੰ ਆਪਣੇ ਸਾਧ ਨੂੰ ਆਪਣੇ ਖਾਲਸੇ ਨੂੰ ਇਸ ਸਮਰੱਥ ਹੰਦਿਆਂ ਵੀ ਅਜਿਹੀ ਕਰਾਮਾਤ ਦੀ ਆਗਿਆ ਹੀ ਦੇਂਦੀ ਹੈ। ਮੇਰੇ, ਮੇਰੀ ਪਿਆਰੀ ਟਕਸਾਲ ਦੇ ਅਤੇ ਮੇਰੀ ਕੌਮ ਦੇ ਪਿਆਰੇ, ਅਤਿ ਸਤਿਕਾਰਯੋਗ, ਪੂਰੇ ਸੂਰੇ ਸੰਤ ਤਾਂ ਆਪਾਂ ਸਭਨਾਂ ਨਾਲ, ਹਰਿ ਕੇ ਦੁਆਰ ਚੜ੍ਹ ਆਏ ਧਾੜਵੀ ਜਰਵਾਣਿਆਂ ਨਾਲ ਲੋਹਾ ਖੜਕਾਉਂਦਿਆਂ, ਸ਼ਹੀਦ ਹੀ ਹੋ ਜਾਣ ਦਾ ਪ੍ਰਣ ਕਰ ਚੁੱਕੇ ਸਨ।

ਇਸ ਵੱਡੇ ਦੁਖ, ਰੋਸ, ਅਫਸੋਸ ਦੇ ਪ੍ਰਗਟਾਵੇ ਦੇ ਨਾਲ ਨਾਲ ਇਕ ਦ੍ਰਿੜਤਾ ਦਾ, ਇਕ ਵਿਸ਼ਵਾਸ ਦਾ ਇਜ਼ਹਾਰ ਵੀ ਸੀ। ਇਸ ਲਿਖਤ ਵਿਚੋਂ ਹੂਬਹੂ:

" ਭਾਵੇਂ ਦਮਦਮੀ ਟਕਸਾਲ ਵਲੋਂ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਗੁਪਤਵਾਸ ਹੋ ਗਏ ਐਲਾਨਣ ਦੇ ਉਲਟ ਦਾਸ ਦੇ ਵਿਚਾਰਾਂ ਨੂੰ ਪ੍ਰਮ ਸਤਿਕਾਰਯੋਗ ਸਵਰਗਵਾਸੀ ਬਾਬਾ ਠਾਕਰ ਸਿੰਘ ਜੀ ਦੇ ਇਸ ਸੰਸਾਰ ਉਤੇ ਸਰੀਰਕ ਤੌਰ ਤੇ ਮਾਜੂਦ ਹੋਣ ਸਮੇ ਹੀ 'ਦੇਸ ਪੰਜਾਬ' ਦੇ ਅੰਕ ਅਕਤੂਬਰ 2004 ਦੁਆਰਾ ਪੰਥ ਦੀ ਸੱਥ ਵਿਚ ਰੱਖਿਆ ਜਾ ਚੁੱਕਾ ਹੈ ਅਤੇ ਭਾਵੇ ਇਸ ਤੋਂ ਇਲਾਵਾ ਇਕ ਦੋ ਹੋਰ ਵਿਸ਼ੇ ਵੀ ਨੇ ਜਿਨਾਂ ਉਤੇ ਦਾਸ ਅਤੇ ਦਮਦਮੀ ਟਕਸਾਲ ਦੇ ਵਿਚਾਰਾਂ ਵਿਚ ਭਿੰਨਤਾ ਹੈ, ਦੁੱਬਦਾ ਹੈ ਜਿਸ ਨੇ ਜੇ ਗੁਰੂ ਚਾਹਿਆ ਤਾਂ ਦਮਦਮੀ ਟਕਸਾਲ ਨਾਲ ਵਿਚਾਰਾਂ ਦੁਆਰਾ ਦੂਰ ਹੋਣਾ ਅਤੇ ਇਸ ਅਗਿਆਨੀ ਦੇ ਜਗਿਆਸੂ ਮਨ ਦੀ ਸੰਤੁਸ਼ਟਤਾ ਹੋਣੀ ਬਾਕੀ ਹੈ, ਪਰ ਫਿਰ ਵੀ ਅੱਜ ਦਾਸ ਲਈ ਇਹ ਹੀ ਦਮਦਮੀ ਟਕਸਾਲ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਹੈ ਜਿਸ ਨੂੰ ਦਸਮੇਸ਼ ਪਿਤਾ ਨੇ ਆਪ ਇਸ ਸੰਸਾਰ ਦੇ ਪੂਰਣ, ਪਵਿਤ੍ਰ ਅਤੇ ਅਨਮੋਲ ਖਜਾਨੇ ਦੀ ਰਾਖੀ ਅਤੇ ਸੇਵਾ ਸੰਭਾਲ, ਭਾਵੇਂ ਹੋਰ ਕੋਈ ਸਿਖ, ਸਿਖ ਸੰਸਥਾ ਕਰੇ ਜਾਂ ਨਾ ਕਰੇ ਪਰ ਇਸ ਨੂੰ ਜਰੂਰ ਕਰਨ ਦੀ ਵਿਸ਼ੇਸ ਜ਼ਿਮੇਵਾਰੀ ਸੌਂਪੀ ਹੋਈ ਹੈ ਅਤੇ ਜਿਸ ਦੇ ਕਾਰਜਕਾਰੀ ਮੁੱਖੀ ਵਜੋਂ ਬਾਬਾ ਹਰਨਾਮ ਸਿੰਘ ਧੁਮਾਂ ਦੀ ਹੁਣ ਦਸਤਾਰਬੰਦੀ ਹੋਈ ਹੈ। "

ਅੱਗੇ ਚਲਦਿਆਂ ਇਸੇ ਹੀ ਲਿਖਤ ਵਿਚ ਵਾਹਿਗੁਰੂ ਅੱਗੇ ਇਕ ਅਰਦਾਸ ਜੋਦੜੀ ਬੇਨਤੀ ਵੀ ਸੀ:

" ਗੁਰੂ ਦਾ ਸਿਖ ਦਿਸਣਾਂ ਅਤੇ ਗੁਰੂ ਦਾ ਸਿਖ ਹੋਣਾਂ ਅਜ ਦੋ ਹੋ ਗਏ ਨੇ। ਕੱਲ ਵੀ ਤੇ ਅੱਜ ਵੀ ਤੇ ਓਦ ਤੱਕ, ਜਦ ਤੱਕ ਸੰਸਾਰ ਉਤੇ ਹੱਕ, ਸੱਚ ਅਤੇ ਨਿਆਂ ਦੀ ਜਿੱਤ ਨਾਲ ਸਦੀਵੀਂ ਸ਼ਾਂਤੀ ਨਹੀਂ ਹੈ, ਗੁਰੂ ਦਾ ਸਿਖ ਹੋਣਾਂ ਹੀ ਕੋਈ ਫੁੱਲਾਂ ਦੀ ਸੇਜ ਨਹੀਂ, ਬਾਬਾ ਹਰਨਾਮ ਸਿੰਘ ਧੁਮਾਂ ਜੀ ਤਾਂ ਅੱਜ ਬਹੁਤ ਹੀ ਬਿਖੜੇ ਸਮੇਂ ਦਮਦਮੀ ਟਕਸਾਲ ਦੇ ਕਾਰਜਕਾਰੀ ਮੁੱਖੀ ਵਜੋਂ ਨਿਯੁਕਤ ਹੋਏ ਨੇ। ਉਨਾਂ ਦੇ ਸਿਰ ਤੇ ਗੁਰੂ ਵੱਲੋਂ ਪੰਥ ਦੇ ਲਈ ਜਿਮੇਵਾਰੀਆਂ ਦੀ ਬੜੀ ਭਾਰੀ ਪੰਡ ਹੈ। ਵਾਹਿਗੁਰੂ ਉਨਾਂ ਦੇ ਅੰਗ ਸੰਗ ਰਹਿੰਦੇ, ਆਪਣੇ ਤੇਜ ਪ੍ਰਤਾਪ ਦੀ ਬਖਸ਼ਿਸ਼ ਕਰਦੇ ਰਹਿਣ ਤਾਂ ਕਿ ਉਹ ਜੂਨ ਚੌਰਾਸੀ ਦੇ ਸ਼ਹੀਦਾਂ ਦੇ ਅਧੂਰੇ ਛੱਡੇ ਮਿਸ਼ਨ ਨੂੰ ਅੱਗੇ ਤੋਰ ਸਕਣ। ਇਹ ਮਿਸ਼ਨ ਜੂਨ ਚੌਰਾਸੀ ਦੇ ਸ਼ਹੀਦਾਂ ਦਾ ਇਸ ਲਈ ਹੀ ਹੋਇਆ ਹੈ ਕਿਉਂਕਿ ਇਹ ਹੀ ਆਪਣੇ ਗੁਰੂ ਦਾ, ਆਪਣੇ ਸੰਤਾਂ, ਭਗਤਾਂ, ਪੀਰਾਂ ਫਕੀਰਾਂ, ਆਪਣੇ ਸ਼ਹੀਦਾਂ, ਅਪਣੇ ਮੁਰੀਦਾਂ ਅਤੇ ਆਪਣੇ ਆਕਾਲ ਪੁਰਖ ਦਾ ਮਿਸ਼ਨ ਹੈ। ਇਹ ਮਿਸ਼ਨ ਹੈ: ਸਰਬੱਤ ਦੇ ਭਲੇ ਲਈ ਖਾਲਸਾ ਪੰਥ ਨੂੰ ਪਾਤਸ਼ਾਹੀ। "

ਦਾਸ ਆਪਣੇ ਸਤਿਗੁਰ ਸੱਚੇ ਪਾਤਸ਼ਾਹ, ਸਿਰਜਣਹਾਰ ਅਕਾਲ ਪੁਰਖ ਪ੍ਰਮਾਤਮਾਂ ਵਾਹਿਗੁਰੂ ਦਾ ਅਣਗਿਣਤ ਵਾਰ, ਲੱਖ ਲੱਖ ਸ਼ੁਕਰਗੁਜ਼ਾਰ ਹੈ ਕਿ ਅਜੇ ਇਕ ਪਲ ਵੀ ਨਾ ਗੁਜਰਿਆ ਕਿ ਉਸ ਵੱਲੋਂ ਆਪਣੀ ਇਕ ਮਹਾਨ ਕਲਾ ਵਰਤਾ ਦਿੱਤੀ ਹੈ ਅਤੇ ਇਸ ਪ੍ਰਾਣੀ ਨੂੰ ਹੀ ਸਗੋਂ ਪੰਥ ਲਈ ਦਰਦ ਰੱਖਣ ਵਾਲੇ ਹੋਰ ਅਣਗਿਣਤ ਨਾਨਕ ਨਾਮ ਲੇਵਾ ਪ੍ਰਾਣੀਆਂ ਦੇ ਇਕ ਵੱਡੇ ਦੁੱਖ ਨੂੰ, ਰੋਸ ਨੂੰ, ਅਫਸੋਸ ਨੂੰ ਹਮੇਸ਼ਾਂ ਲਈ ਦੂਰ ਕਰਦਿਆਂ ਆਪਣੇ ਰੱਬੀ, ਅਧਿਆਤਮਕ ਸੁੱਖ ਦੇ, ਖਸ਼ੀਆਂ ਦੇ ਖੇੜੇ ਬਖਸ਼ੇ ਨੇ। ਅੱਜ ਉਸ ਦੇ ਆਸਰੇ ਦਮਦਮੀ ਟਕਸਾਲ ਦੇ ਗੁਰਮੁੱਖ ਪਿਆਰੇ ਕਾਰਜਕਾਰੀ ਮੁੱਖੀ ਬਾਬਾ ਹਰਨਾਮ ਸਿੰਘ ਜੀ ਧੁਮਾਂ ਵਲੋਂ

ਆਪਣੇ ਗੁਰਸਿਖ ਸਾਥੀਆਂ ਸਮੇਤ ਇਸ ਇਤਿਹਾਸਕ ਸੱਚ ਨੂੰ ਸਵਿਕਾਰ ਕਰਦੇ ਹੋਏ ਇਹ ਐਲਾਨ ਕੀਤਾ ਹੈ ਕਿ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਜੂਨ ਚੌਰਾਸੀ ਦੇ ਘੱਲੂਘਾਰੇ ਸਮੇਂ ਦਰ ਚੜ੍ਹ ਆਈਆਂ ਧਾੜਵੀ ਜਰਵਾਣੇ ਮੰਨੂਵਾਦੀ ਤਖਤ ਦੀਆਂ ਫੌਜਾਂ ਨਾਲ ਲੋਹਾ ਖੜਕਾਉਂਦਿਆਂ ਸ਼ਹੀਦੀ ਜਾਮ ਪੀ ਚੁੱਕੇ ਨੇ।

ਦਾਸ ਬਾਬਾ ਹਰਨਾਮ ਸਿੰਘ ਜੀ ਧੁਮਾਂ ਅਤੇ ਉਨਾਂ ਦੇ ਗਰੁਸਿਖ ਸਾਥੀਆਂ ਦਾ ਅਣਗਿਣਤ ਵਾਰ, ਲੱਖ ਲੱਖ ਸ਼ੁਕਰਗੁਜ਼ਾਰ ਹੈ ਜਿਨਾਂ ਨੂੰ ਅਕਾਲ ਪੁਰਖ ਵਲੋਂ ਭਾਵੇਂ ਇਕੀ ਸਾਲ ਦੀ ਉਡੀਕ ਮਗਰੋਂ ਹੀ ਸਹੀ, ਪਰ ਸੰਤਾਂ ਦੇ ਸ਼ਹੀਦ ਹੋ ਜਾਣ ਦਾ ਐਲਾਨ ਕਰਵਾ ਸਕਣ ਲਈ ਚੁਣਿਆਂ ਗਿਆ ਹੈ ਅਤੇ ਜਿਨਾਂ ਦੁਅਰਾ ਆਪਣੇ ਹੀ ਪੰਥ ਵਿਚ ਖੁਸ਼ੀਆਂ ਦੇ ਖੇੜੇ ਕੀਤੇ ਨੇ ਅਤੇ ਸਾਨੂੰ ਆਪਣੇ ਹੀ ਪੂਰੇ ਸੂਰੇ ਸੰਤ ਦੀ ਜਾਣੇ ਅਣਜਾਣੇ ਹੰਦੀ ਆ ਰਹੀ ਨਿੰਦਿਆ ਦੀ ਘੋਰ ਅਵੱਗਿਆਂ ਤੋਂ ਰੋਕ ਲਿਆ ਹੈ।

ਖਾਲਸਾ ਜੀ ਜੋ ਬੀਜਾਂਗੇ, ਉਹ ਹੀ ਕੱਟਾਂਗੇ। ਆਪਣੇ ਹੀ ਰੱਬ ਦੇ, ਆਪਣੀ ਹੀ ਕੌਮ ਦੇ ਪੂਰੇ, ਸੂਰੇ ਸੰਤ ਦੀ ਜਾਣੇ ਆਣਜਾਣੇ ਹੁੰਦੀ ਨਿੰਦਾ ਦੇ ਖਾਤਮੇ ਨਾਲ, ਅੱਜ ਮੇਰੇ ਗੁਰੂ ਦੇ ਪਿਆਰੇ ਗੁਰਸਿਖ ਖਾਲਸੇ ਵਲੋਂ ਆਪਣੇ ਆਪਨੂੰ, ਆਪਣੇ ਪੰਥ ਦੀ ਚੜ੍ਹਦੀ ਕਲਾ ਲਈ, ਗੁਰੂ ਦੇ ਤੇਜ ਪਰਤਾਪ ਦੀਆਂ ਬਖਸ਼ਿਸ਼ਾਂ ਲੈ ਸਕਣ ਦੇ ਯੋਗ ਕੀਤਾ ਹੈ।

ਦਾਸ ਬਾਬਾ ਹਰਨਾਮ ਸਿੰਘ ਜੀ ਧੁਮਾਂ, ਉਨਾਂ ਦੇ ਗੁਰਸਿਖ ਸਾਥੀਆਂ ਅਤੇ ਸਹਿਯੋਗੀ ਸਿਖ ਸੰਸਥਾਵਾਂ ਦਾ ਅਣਗਿਣਤ ਵਾਰ, ਲੱਖ ਲੱਖ ਸ਼ੁਕਰਗੁਜ਼ਾਰ ਹੈ ਜੋ ਉਨਾਂ ਵੱਲੋਂ ਸੰਤਾਂ ਦੀ ਸ਼ਹਾਦਤ ਨੂੰ ਸਵਿਕਾਰ ਕਰਕੇ ਅਤੇ ਇਸ ਦਾ ਐਲਾਨ ਕਰਕੇ ਖਾਲਸਾ ਪੰਥ ਵਿਚ ਦਮਦਮੀ ਟਕਸਾਲ ਪ੍ਰਤੀ ਪਿਆਰ ਨੂੰ, ਸਤਿਕਾਰ ਨੂੰ ਅਤੇ ਵਿਸ਼ਵਾਸ ਨੂੰ ਹੋਰ ਵੀ ਬਲਵਾਨ ਕੀਤਾ ਹੈ।

ਖਾਲਸਾ ਜੀ ਇਸੇ ਹੀ ਪਿਆਰੇ, ਸਤਿਕਾਰੇ ਮਾਸਿਕ ਪੇਪਰ 'ਦੇਸ ਪੰਜਾਬ' ਦੇ ਅੰਕ ਅਕਤੂਬਰ 2004 ਵਿਚ ਸੰਤਾਂ ਦੀ ਸ਼ਹੀਦੀ ਦੇ ਸੰਦਰਭ ਵਿਚ ਇਹ ਵੀ ਦਰਜ ਸੀ:

" ਦਾਸ ਦੀਆਂ ਨਜਰਾਂ ਵਿਚ ਜਿਥੇ ਸ਼ਹੀਦ ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲਿਆਂ ਨੂੰ ਜਿਸਮਾਨੀ ਤੌਰ ਉਤੇ ਜਿੰਦਾ ਐਲਾਨਕੇ, ਉਨਾਂ ਨੂੰ ਭਗੌੜਾ ਕਰਾਰ ਦੇਣਾਂ, ਉਨਾਂ ਦੇ ਪ੍ਰਗਟ ਹੋਣ ਦੇ ਇੰਤਜ਼ਾਰ ਵਿਚ ਬੈਠ ਜਾਣਾਂ ਅਤੇ ਉਨਾਂ ਦੇ ਪਵਿਤ੍ਰ ਬੋਲਾਂ ਦੀ ਪੂਰਤੀ ਲਈ ਅਜੇ ਤੱਕ ਵੀ ਸਿਖ ਕੌਮ ਵਲੋਂ ਅਡੋਲਤਾ ਅਤੇ ਦ੍ਰਿੜਤਾ ਨਾਲ ਆਪਣੀ, ਆਪਣੇ ਗੁਰੂਆਂ ਦੀ ਧਰਤ ਰਾਜਨੀਤਕ ਸੰਘਰਸ਼ ਕਰਨ ਨਾ ਨਿਤਰਨਾਂ, ਪਾਪ ਹੈ ਉਥੇ ਇਸੇ ਹੀ ਕੌਮ ਦੇ ਉਹ ਲੋਕ ਵੀ ਪਾਪਾਂ ਦੇ ਵੱਡੇ ਭਾਗੀ ਨੇ ਜੋ ਸੰਤਾਂ ਨੂੰ ਸ਼ਹੀਦ ਹੋਣਾਂ ਤਾਂ ਮੰਨਦੇ ਨੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਸ ਦਾ ਐਲਾਨ ਵੀ ਕਰਦੇ ਨੇ, ਇਸ ਹੋਏ ਐਲਾਨ ਦੀ ਮਿਸਾਲ ਵੀ ਦੇਂਦੇ ਨੇ ਪਰ ਨਾਲ ਹੀ ਇਸੇ ਸ਼ਹੀਦ ਦੇ ਪਵਿਤ੍ਰ ਬੋਲਾਂ ਕਿ ਸ੍ਰੀ ਹਰਿਮੰਦਰ ਸਾਹਿਬ ਉਤੇ ਭਾਰਤੀ ਹੁਕਮਰਾਨਾਂ ਦਾ ਫੌਜੀ ਧਾਵਾ ਖਾਲਿਸਤਾਨ ਦਾ ਨੀਹ ਪੱਥਰ ਹੋਏਗਾ, ਨੂੰ ਬੇਹਿਮੀ ਨਾਲ ਦੁਰਕਾਰਦੇ, ਆਪਣੇ ਪੈਰਾਂ ਵਿਚ ਰੋਲਦੇ, ਸ਼ਰੇਆਮ ਇਹ ਕਹਿ ਰਹੇ ਨੇ, ਇਹ ਲਿਖ ਰਹੇ ਨੇ, ਇਹ ਐਲਾਨ ਕਰ ਰਹੇ ਨੇ ਕਿ ਉਹ ਤਾਂ ਸਿਰਫ ਕੌਮ ਲਈ ਵੱਧ ਅਧਿਕਾਰ ਹੀ ਮੰਗਦੇ ਨੇ ਅਤੇ ਇਸ ਤਰਾਂ ਇਹ ਅਤੇ ਇਨਾਂ ਦੇ ਦਿਸ ਅਦਿਸ ਹਮਾਇਤੀ, ਧੁਰੋਂ ਆਜਾਦ ਖਾਲਸੇ ਦੀ ਮਿਥੀ ਮੰਜ਼ਿਲ, ਉਸ ਦਾ ਆਜਾਦ ਦੇਸ਼ ਉਸਰ ਸਕਣ ਦੇ ਰਾਹ ਵਿਚ ਕੰਡੇ ਬਣੀ ਬੈਠੇ ਨੇ। ਅੱਜ ਬਹੁਸਮਤੀ ਬਾਦਲਕਿਆਂ ਦੀ ਹੋਈ, ਉਸ ਵਾਂਗ ਹੀ ਸਿਖ ਕੌਮ ਲਈ ਗੁਲਾਮੀ ਪ੍ਰਵਾਨ ਕਰਦੀ, ਚੋਰ ਦਰਵਾਜੇ ਆਪਣੇ ਆਪਨੂੰ ਬਚਾ ਰਹੀ ਹੈ। ਕਿਉਕਿ ਮੇਰੇ ਸ਼ਹੀਦ ਸੰਤ ਦੇ ਬੋਲਾਂ ਦੀ ਪੂਰਤੀ, ਹਰ ਸਿਖ ਤੋਂ ਸਿਖੀ ਸਿਦਕ ਦੀ ਸਿਖਰ ਤੱਕ ਤਿਆਗ ਅਤੇ ਕੁਰਬਾਨੀ ਦੀ ਮੰਗ ਕਰਦੀ ਹੈ।"

ਦਾਸ ਸਿਖੀ ਸਰੂਪ ਵਿਚ ਇਸ ਭੇਖੀ, ਫਰੇਬੀ, ਬੇਗੈਰਤ, ਬੇਇਖਲਾਕ, ਕਾਰੂ ਅਤੇ ਅੰਦਰੋਂ ਮੈਲ ਨਾਲ ਭਰੇ ਇਸ ਕਲਜੁਗੀ ਟੋਲੇ ਦੀ ਘੋਰ ਨਿੰਦਾ ਕਰਦਾ ਹੈ ਜੋ ਇਕ ਪਾਸੇ ਸੰਤਾਂ ਦੀ ਸ਼ਹਾਦਤ ਦਾ ਅਕਾਲ ਤਖਤ ਤੋਂ ਐਲਾਨ ਕਰਵਾਂਦਾ ਹੈ ਪਰ ਦੂਜੇ ਪਾਸੇ ਉਸੇ ਹੀ ਸ਼ਹੀਦ ਸੰਤ ਦੇ, ਸ਼ਹੀਦੀ ਸਮੇਂ, ਕੌਮ ਦੇ ਨਾਮ ਬੋਲਾਂ ਨੂੰ ਇਨੀ ਨਫਰਤ ਕਰਦਾ ਹੈ ਕਿ ਖਾਲਿਸਤਾਨ ਦਾ ਨਾਹਰਾ ਤੱਕ ਮਾਰ ਦੇਣ ਵਾਲੇ ਸਿੱਖਾਂ ਲਈ, ਆਪਣੇ ਰਾਖੇ ਮੰਨੂਵਾਦੀ ਬਿਪਰਣ ਤਖਤ ਤੋਂ ਕਰੜੀਆਂ ਸਜਾਵਾਂ ਦੀ ਮੰਗ ਕਰਨ ਤੇ ਉਤਰ ਆਇਆ ਹੈ। ਗੁਰੂ ਪੰਥ ਦਾ ਦਾਸ-ਐਨ. ਕਮਲ ਫੇਹਰਨਬੱਖ ਉਰਫ ਬਿਧੀ ਸਿੰਘ ਬੱਬਰ ਜਰਮਨੀ (ਸਰਨਾਵਾਂ ਆਦਿ ਆਪਜੀ ਕੋਲ ਪਹਿਲੋਂ ਹੀ ਮਜੂਦ ਜੇ ਨਾਲ ਛਪਣਾਂ ਜਰੂਰੀ ਹੋਵੇ) ਨੋਟ: ਇਸ ਲਿਖਤ ਦੇ ਨਾਲ ਜਾਲਮ ਨੂੰ ਵੰਗਾਰ ਵਿਚੋਂ ਇਕ ਗੀਤ ਦੇ ਜੇ ਛਪ ਸਕੇ ਤਾਂ ਵੇਖ ਲੈਣਾਂ ਜੀ। ਸਫਾ 31 - 'ਪਿਆਲਾ ਸਬਰ ਦਾ ਭਰਿਆ ਜ਼ੁਲਮ ਦੀ ਇੰਤਹਾ ਹੋਈ। ' ਹੁਣ ਤੱਕ ਛਾਪਦੇ ਰਹਿਣ ਲਈ ਅਤਿ ਧੰਨਵਾਦੀ, ਸ਼ੁਕਰਗੁਜ਼ਾਰ। ਦਮਦਮੀ ਟਕਸਾਲ ਵਾਲੇ ਛਪੇ ਦੀ ਇਕ ਕਾਪੀ ਉਦੋਂ ਹੀ ਦਮਦਮੀ ਟਕਸਾਲ ਦੇ ਇਕ ਖਾਸ ਵਿਦਿਆਰਥੀ ਨੂੰ ਇਕ ਸਿਖ ਵੀਰ ਦਆਰਾ ਪਹੁੰਚਾ ਦਿੱਤੀ ਸੀ। **Eschborn, 22.06.2005**

ਵੀਰ ਜੀਓ, ਤਿਨਾਂ ਹੀ ਫਕਸਾਂ ਦੇ ਖਰਾਬ ਹੋਣ ਕਰਕੇ ਦੋ ਸਫੇ ਪੋਸਟ ਦੁਆਰਾ ਭੇਜੇ ਸਨ। ਪਰ ਜੁਲਾਈ ਅੰਕ ਲਈ ਲੇਟ ਸਨ। ਅਗਲੇ ਅੰਕ ਲਈ ਕੁਝ ਵਕਤ ਹੋਣ ਕਰਕੇ ਇਸੇ ਹੀ ਲਿਖਤ ਦੇ ਆਖਰੀ ਸਫੇ (ਦਾਸ ਸਿਖੀ ਸਰੂਪ ਵਿਚ ਇਸ ਭੇਖੀ,) ਤੋਂ ਅੱਗੇ ਦਾ ਭੇਜ ਰਿਹਾ ਹੈ। ਜੇ ਹੋ ਸਕੇ ਤਾਂ ਇਹ ਸ਼ਾਮਿਲ ਕਰਕੇ ਛਾਪ ਸਕਣ ਦੀ ਬੇਨਤੀ ਹੈ ਜੀ।

ਖਾਲਸਾ ਜੀ ਮੰਨੂਵਾਦੀ ਅਨਿਆਈ, ਜਰਵਾਣੇ ਤਖਤ ਵੱਲੋਂ ਖਾਲਸੇ ਦੀ ਅਣਖ ਨੂੰ ਹਮੇਸ਼ਾਂ ਲਈ ਖੁੰਢੀ ਕਰਕੇ, ਆਪਣੇ ਸਦੀਵੀਂ ਗੁਲਾਮ ਕਰ ਲੈਣ ਲਈ, ਆਪਣੇ ਆਖਰੀ ਹਥਿਆਰ ਨੂੰ ਵਰਤਦਿਆਂ, ਭਾਈ ਸਿਮਰਨਜੀਤ ਸਿੰਘ ਮਾਨ ਨੂੰ ਜੇਲ ਸੁੱਟ ਦਿੱਤਾ ਗਿਆ ਹੈ ਅਤੇ ਉਨਾਂ ਦੇ ਘਰ ਦੀ ਤਲਾਸ਼ੀ ਲਈ ਗਈ ਹੈ। ਇਸ ਲਈ ਕਿ ਭਾਈ ਸਿਮਰਨਜੀਤ ਸਿੰਘ ਮਾਨ ਸਿਖ ਕੌਮ ਦੀ ਮੁਕਤੀ ਦਾ ਅਤੇ ਏਸ਼ੀਆ ਵਿਚ ਸਦੀਵੀ ਅਮਨ ਸ਼ਾਂਤੀ ਦਾ ਅਸਲ ਰਾਹ, ਸਿਖ ਕੌਮ ਲਈ ਆਜਾਦ ਦੇਸ਼ ਐਲਾਨਦੇ ਨੇ ਅਤੇ ਇਸ ਤਖਤ ਤੋਂ ਆਪਣੀ ਕੌਮ ਦੇ ਇਸ ਦੇਸ਼ ਦੀ ਆਜਾਦੀ ਮੰਗਦੇ ਨੇ। ਜਦ ਕਿ ਨਾ ਤੇ ਕੋਈ ਅਜਿਹਾ ਅੰਤਰਰਾਸ਼ਟਰੀ ਕਾਨੂੰਨ ਹੀ ਹੈ ਅਤੇ ਨਾ ਕਿਸੇ ਸੱਭਿਅਕ ਲੋਕਰਾਜੀ ਨਿਯਾਮ ਦਾ ਕੋਈ ਅਜਿਹਾ ਕਾਨੂੰਨ ਹੀ ਹੈ ਜੋ ਕਿਸੇ ਕੌਮ ਵੱਲੋਂ ਸ਼ਾਤਮਈ ਆਪਣੇ ਹੱਕ ਦੀ ਮੰਗ ਕਰਨੋਂ ਰੋਕਦਾ ਹੋਵੇ।

ਖਾਲਸਾ ਜੀ ਇਸ ਫਰੇਬੀ ਤਖਤ ਵੱਲੋਂ ਆਪਣੇ ਅਖੌਤੀ ਧਰਮ ਦੇ ਅਹਿੰਸਾ ਦੇ ਅਸੂਲ ਨੂੰ ਪ੍ਰਚਾਰਨ ਲਈ ਅਤੇ ਭਾਰਤ ਦੀ ਆਜਾਦੀ ਦਾ ਸਿਹਰਾ ਆਪਣੇ ਅਤੇ ਆਪਣੇ ਮਹਾਤਮਾ ਗਾਂਧੀ ਦੇ ਸਿਰ ਕਰਨ ਲਈ 'ਗਾਂਧੀ' ਨਾ ਦੀ ਫਿਲਮ ਤਿਆਰ ਕਰਕੇ ਸੰਸਾਰ ਪੱਧਰ ਉਤੇ ਜੋਰਾਂ ਸ਼ੋਰਾ ਨਾਲ ਵਿਖਾਈ ਗਈ। ਆਪਣੇ ਗਾਂਧੀ ਨੂੰ ਅਮਨ ਦੇ ਪੁਜਾਰੀ ਅਤੇ ਲੋਕ ਸ਼ਕਤੀ ਨੂੰ ਲੈਕੇ ਸ਼ਾਂਤੀ ਨਾਲ ਜਿਤ ਪ੍ਰਾਪਤ ਕਰਨ ਵਾਲੇ ਕ੍ਰਾਂਤੀਕਾਰੀ ਮਹਾਤਮਾ ਨਾਇਕ ਵੱਜੋਂ ਉਭਾਰਿਆ ਗਿਆ ਅਤੇ ਭੋਲੇ ਭਾਲੇ ਸੰਸਾਰ ਨੂੰ, ਸਵਾਰਥੀ ਸੰਸਾਰ ਨੂੰ ਅਤੇ ਅਗਿਆਨੀ ਸੰਸਾਰ ਨੂੰ ਆਪਣੇ ਵੱਲ ਕਰਨ ਦਾ ਵੱਡਾ ਉਪਰਾਲਾ ਕੀਤਾ ਗਿਆ।

ਦਾਸ ਦਿਲੀ ਤਖਤ ਤੇ ਬਿਰਾਜਮਾਨ ਮੰਨੂਵਾਦੀ ਉਚ ਜਾਤੀ ਦੇ ਵਡੇਰਿਆਂ ਦੀ ਘੋਰ ਨਿੰਦਾ ਕਰਦਾ ਹੈ ਜਿੰਨਾਂ ਵੱਲੋਂ ਧਰਮ ਦੇ ਨਾਮ ਉਤੇ ਵਰਣ ਵਿਵਸਥਾ ਦਾ ਘਿਨਾਉਣਾ ਅਪਾਰਥਾਇਡ ਕਾਇਮ ਕਰਕੇ, ਮੇਰੇ ਅਤੇ ਮੇਰੇ ਵਰਗੇ ਭਾਰਤ ਦੇ ਹੋਰ ਕ੍ਰੌੜਾਂ ਪ੍ਰਾਣੀਆਂ ਦੇ ਵਡੇਰਿਆਂ ਨੂੰ ਨੀਚ ਸੂਦਰ ਐਲਾਨਕੇ, ਸਦੀਆਂ ਤੋਂ ਉਨਾਂ ਉਤੇ ਅਸਿਹ ਅਤੇ ਅਕਹਿ ਜ਼ੁਲਮ ਕੀਤੇ। ਜਿਨਾਂ ਨੇ, ਗੁਰਬਾਣੀ ਵੱਲੋਂ ਉਨਾਂ ਨੂੰ ਅਸਲ ਰੱਬ, ਅਸਲ ਰਾਮ ਅਤੇ ਉਸਦੀ ਅਸਲ ਪੂਜਾ ਦੇ ਰਾਹ ਨੂੰ ਪਿਆਰ ਨਾਲ, ਦਲੀਲ ਨਾਲ ਅਤੇ ਨਹੋਰੇ ਨਾਲ ਬੜੀ ਵਾਰ ਸਮਝਾਉਣ ਦੇ ਬਾਵਜੂਦ ਵੀ ਅਪਨਾਉਣ ਦੀ ਬਜਾਏ, ਇਸ ਨੂੰ ਠੁਕਰਾਇਆ ਹੀ ਨਹੀਂ ਸਗੋਂ ਇਸ ਨੂੰ ਖਤਮ ਕਰਨ ਲਈ ਹਰ ਘਿਨਾਉਣੀ ਚਾਣਕੀਆ ਚਾਲ ਵੀ ਚੱਲੀ ਅਤੇ ਅਤ੍ਰਿਤਘਣਤਾ ਤੱਕ ਉਤਰਦਿਆਂ ਸਿਖ ਕੌਮ ਨਾਲ ਵਿਸ਼ਵਾਸਘਾਤ ਵੀ ਕੀਤੇ ਅਤੇ ਭਾਰਤ ਦੇ ਅਣਜਾਨ ਲੋਕਾਂ ਨੂੰ ਬੁੱਤਾਂ ਦੀ ਪੂਜਾ ਤੇ ਲਾਈ ਰੱਖਕੇ, ਉਨਾਂ ਦੀ ਅਨਮੋਲ ਜੀਵਨ ਯਾਤਰਾ ਨੂੰ ਵੀ ਨਿਸਫਲਾ ਕਰੀ ਰੱਖਿਆ।

ਦਾਸ ਦਿਲੀ ਤਖਤ ਤੇ ਬਿਰਾਜਮਾਨ ਮੰਨੂਵਾਦੀ ਹੁਕਮਰਾਨਾਂ ਦੀ ਘੋਰ ਨਿੰਦਾ ਕਰਦਾ ਹੈ ਜਿਨਾਂ ਵੱਲੋਂ ਇਕ ਪਾਸੇ ਆਪਣੇ ਹੀ ਅਖੌਤੀ ਧਰਮ ਦੇ ਅਹਿੰਸਾ ਅਸੂਲ ਉਤੇ ਪਹਿਰੇ ਨਾਲ ਆਪਣੇ ਗਾਂਧੀ ਨੂੰ ਭਾਰਤ ਦੀ ਆਜਾਦੀ ਦੀ ਜਿਤ ਦਾ ਨਾਇਕ ਮਹਾਤਮਾਂ ਗਾਂਧੀ ਕਰਦਿਆਂ, ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਪਰ ਦੂਜੇ ਪਾਸੇ ਜਦ ਇਨਾਂ ਦੇ ਅਖੌਤੀ ਧਰਮ ਦੇ ਅਹਿੰਸਾ ਅਸੂਲ ਉਤੇ ਪਹਿਰਾ ਦੇਂਦਿਆਂ ਭਾਈ ਸਿਮਨਰਨਜੀਤ ਸਿੰਘ ਮਾਨ ਨੇ ਅਮਨ ਸ਼ਾਂਤੀ ਦੇ ਲੋਕਰਾਜੀ ਢੰਗ ਤਰੀਕਿਆ ਨਾਲ, ਸਿਖ ਕੌਮ ਲਈ ਆਜਾਦੀ ਦੀ ਗੱਲ ਕੀਤੀ ਤਾਂ ਉਨਾਂ ਨੂੰ ਜੇਲ ਬੰਦ ਕਰ ਦਿੱਤਾ ਗਿਆ ਅਤੇ ਉਨਾਂ ਦੇ ਘਰ ਦੀ ਤਲਾਸ਼ੀ ਲਈ ਗਈ। ਇਸ ਤਰਾਂ ਇਨਾਂ ਆਪਣੇ ਹੀ ਧਰਮ ਦੇ ਅਹਿੰਸਾ ਅਸੂਲ ਨਾਲ, ਇਸ ਅਸੂਲ ਉਤੇ ਪਹਿਰੇ ਨਾਲ ਮਹਾਤਮਾ ਕੀਤੇ ਇਨਸਾਨ ਨਾਲ ਅਤੇ ਆਪਣੀ ਕਹਿਣੀ ਨਾਲ ਧ੍ਰੋਹ ਕੀਤਾ ਹੈ ਅਤੇ ਇਵੇਂ ਕੂੜੇ ਪ੍ਰਚਾਰ ਨਾਲ ਸੰਸਾਰ ਦੇ ਕਰੋੜਾਂ ਲੋਕਾਂ ਨੂੰ ਗੁਮਰਾਹ ਕਰਨ ਦਾ ਕੁਕਰਮ ਵੀ।

ਦਾਸ ਇਸ ਗੱਲ ਉਤੇ ਅਤਿ ਦਾ ਅਫਸੋਸ ਜਾਹਿਰ ਕਰਦਾ ਹੈ ਅਤੇ ਘੋਰ ਨਿੰਦਾ ਕਰਦਾ ਹੈ ਜੋ ਸਾਥੋਂ ਸ਼ਾਂਤਮਈ ਵੀ ਆਪਣੀ ਆਜਾਦੀ ਦਾ ਹੱਕ ਮੰਗਣੋ ਰੋਕਣ ਲਈ ਜੇਲਾਂ ਵਿਚ ਸੁੱਟਣ ਦੇ ਕਾਰੇ, ਦਿੱਲੀ ਅਤੇ ਪੰਜਾਬ ਦੇ ਤਖਤਾਂ ਉਤੇ ਸਿਖੀ ਸਰੂਪ ਵਿਚ ਮੁਖੀ ਹੋਣ ਵਾਲਿਆਂ ਦੇ ਰਾਜ ਵੇਲੇ ਸ਼ੁਰੂ ਹੋਏ ਨੇ। ਇਹ ਉਹ ਨੇ, ਜੋ ਨਾ ਘਰ ਦੇ ਨਾ ਘਾਟ ਦੇ। ਜੋ ਨਾ ਆਪਣੇ ਮਾਲਕਾਂ ਦੇ ਅਖੌਤੀ ਧਰਮ ਅਤੇ ਮਹਾਤਮਾ ਦੇ ਅਹਿੰਸਾ ਅਸੂਲ ਉਤੇ ਹੀ ਪਹਿਰਾ ਦੇ ਸਕੇ ਨੇ ਅਤੇ ਨਾ ਸਿਖ ਧਰਮ ਦੇ ਅਹਿੰਸਾ ਅਸੂਲ (ਅੰਤ ਇਕ ਹੱਦ ਤੱਕ) ਉਤੇ ਹੀ। ਸਗੋਂ ਦੋਹਾਂ ਦੇ ਉਲਟ।

ਵਾਹਿਗੁਰੂ ਕਰਨ ਕਿ ਜਾਬਰ ਤੋਂ ਆਪਾਂ ਆਪਣੀ ਧਰਤ ਆਪਣਾਂ ਇਹ ਬੋਲਣ ਦਾ, ਇਹ ਲਿਖਣ ਦਾ ਅਧਿਕਾਰ ਲੈ ਸਕੀਏ ਕਿ ਅਸਾਂ ਸਿਖ ਕੌਮ ਦੀ ਮੰਜ਼ਿਲ, ਆਪਣੇ ਆਜਾਦ ਵਤਨ ਖਾਲਿਸਤਾਨ ਦੀ ਉਸਾਰੀ ਹੀ ਹੈ। ਬਿਧੀ ਸਿੰਘ ਬੱਬਰ ਜਰਮਨੀ